# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਛੇਵੀਂ ਮੰਜਿਲ,ਬਲਾਕ.ਈ.ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਐਸ.ਏ.ਐਸ.ਨਗਰ (ਪੰਜਾਬ) ਵੱਲ


ਵੱਲ:-

ਸਮੂਹ ਜ਼ਿਲਾ ਸਿੱਖਿਆ ਅਫਸਰ (ਸੈ.ਸਿ.)
ਸੰਬੰਧਤ ਸਕੂਲ ਮੁਖੀ,
ਪੰਜਾਬ।

ਮੀਮੋ ਨੰ:ਈ- 891122/107
ਮਿਤੀ: ਐਸ.ਏ.ਐਸ.ਨਗਰ, 22/04/2026

ਵਿਸ਼ਾ: ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ ਜਮਾਤ ਅੱਠਵੀਂ ਅਤੇ ਦਸਵੀਂ ਦੇ ਵਜੀਫਾ ਸਾਲ 2025-26 ਦੇ ਵਿਦਿਆਰਥੀਆਂ ਦੀ ਯੋਗਤਾ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਪੰਜਾਬ ਰਾਜ ਪ੍ਰਤਿਭਾ ਖੋਜ ਪ੍ਰੀਖਿਆ ਅਧੀਨ ਵਜੀਫਾ ਸਾਲ 2025-26 ਦਾ ਵਜੀਫਾ ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਨੂੰ ਭੇਜਣ ਲਈ ਵਿਦਿਆਰਥੀਆਂ ਦੀ ਯੋਗਤਾ ਦੀ ਪੁਸ਼ਟੀ ਕਰਨ ਲਈ ਹੇਠਾ ਦਰਸਾਈ ਸਾਰਣੀ ਅਨੁਸਾਰ ਆਪ ਜੀ ਨੂੰ ਈ-ਮੇਲ ਰਾਹੀਂ ਭੇਜੀਆਂ ਜਾਂਦੀਆਂ ਹਨ ਅਤੇ ਪੰਜਾਬ ਰਾਜ ਪ੍ਰਤਿਭਾ ਖੋਜ ਪ੍ਰੀਖਿਆ (ਅੱਠਵੀਂ ਅਤੇ ਦਸਵੀਂ) ਦੀ ਸਕੀਮ ਦੇ ਵੇਰਵੇ (ਨੱਥੀ) ਅਨੁਸਾਰ ਵਿਦਿਆਰਥੀਆਂ ਦੀ ਯੋਗਤਾ ਚੈੱਕ ਕਰ ਲਈ ਜਾਵੇ।

ਸਾਰਣੀ

| ਲੜੀ ਨੰ. | 8ਵੀਂ ਪਾਸ ਕਰਨ ਦਾ ਸਾਲ | ਸੈਸ਼ਨ 2024-25 ਵਿੱਚ ਪਾਸ ਕੀਤੀ ਜਮਾਤ |
|---|---|---|
| 1. | 2021-22 | 12 ਵੀਂ |
| 2. | 2022-23 | 11 ਵੀਂ |
| 3. | 2023-24 | 10 ਵੀਂ |
| 4. | 2024-25 | 9 ਵੀਂ |

| ਲੜੀ ਨੰ. | 10ਵੀਂ ਪਾਸ ਕਰਨ ਦਾ ਸਾਲ | ਸੈਸ਼ਨ 2024-25 ਵਿੱਚ ਪਾਸ ਕੀਤੀ ਜਮਾਤ |
|---|---|---|
| 1. | 2023-24 | 12 ਵੀਂ |
| 2. | 2024-25 | 11 ਵੀਂ |

(ੳ) ਪੰਜਾਬ ਰਾਜ ਨਪੁੰਨਤਾ ਖੋਜ ਪ੍ਰੀਖਿਆ ਵਿੱਚ ਵਜ਼ੀਫਾ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਵੱਲੋਂ ਨੌਵੀਂ ਅਤੇ ਗਿਆਰਵੀਂ ਸ਼੍ਰੇਣੀ ਵਿੱਚ ਘੱਟੋ-ਘੱਟ 55% ਅੰਕ ਅਤੇ ਦਸਵੀਂ ਸ਼੍ਰੇਣੀ ਵਿੱਚ 60% ਅੰਕ ਪ੍ਰਾਪਤ ਕੀਤੇ ਹੋਣ। (ਜਨਰਲ ਕੈਟਾਗਰੀ ਲਈ) ਅਤੇ ਰਾਖਵੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ 5% ਅੰਕਾਂ ਦੀ ਛੋਟ ਹੋਵੇਗੀ। ਇਹ ਯੋਗਤਾ ਪੂਰੀ ਨਾ ਹੋਣ ਤੇ ਵਜ਼ੀਫਾ ਬੰਦ ਹੋ ਜਾਵੇਗਾ। ਇਸ ਤੋਂ ਇਲਾਵਾ ਵਜ਼ੀਫੇ ਸਬੰਧੀ ਹਦਾਇਤਾਂ, ਸਕੀਮ ਦੇ ਵੇਰਵੇ ਵਿੱਚ ਦਰਜ ਹਨ।

(ਅ) ਜਿਹੜੇ ਵਿਦਿਆਰਥੀ PSTSE ਅੱਠਵੀਂ ਦਾ ਵਜ਼ੀਫਾ ਲੈ ਰਹੇ ਹਨ। ਉਹ ਦਸਵੀਂ ਦਾ ਵਜ਼ੀਫਾ ਲੈਣ ਲਈ ਯੋਗ ਨਹੀਂ ਹੋਣਗੇ।

(ੲ) ਵਿਦਿਆਰਥੀਆਂ ਦੀ ਸੂਚਨਾ ਸ਼ੀਟ ਵਿੱਚ ਆਖਰੀ ਕਾਲਮ ਹੀ ਭਰਿਆ ਜਾਣਾ ਹੈ।

(ਸ) ਇਸ ਤੋਂ ਇਲਾਵਾ ਡਾਟੇ ਵਿੱਚ ਕਿਸੇ ਕਿਸਮ ਦੀ ਛੇੜਛਾੜ ਨਾ ਕੀਤੀ ਜਾਵੇ ਅਤੇ ਨਾ ਹੀ ਕਿਸੇ ਵਿਦਿਆਰਥੀ ਦਾ ਸੀਰੀਅਲ ਨੰਬਰ ਬਦਲਿਆ ਜਾਵੇ।

ਉਕਤ ਯੋਗਤਾ ਸੂਚੀਆਂ ਸਮੇਤ PSTSE ਵਜ਼ੀਫ਼ਾ ਯੋਗਤਾ ਸਰਟੀਫ਼ਿਕੇਟ (ਨੱਥੀ( ਵਜ਼ੀਫਾ ਸਾਲ 2025-26 ਮਿਤੀ 30.04.2026 ਤੱਕ ਇਸ ਦਫ਼ਤਰ ਦੀ ਈ-ਮੇਲ ਆਈ.ਡੀ. nmmss.25@punjab.gov.in ਤੇ ਆਪਣੇ ਦਫ਼ਤਰ: ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਵੱਲੋਂ ਹੀ ਭੇਜੀਆਂ ਜਾਣ ਤਾਂ ਜੋ ਵਜ਼ੀਫਾ ਰਾਸ਼ੀ ਸਮੂਹ ਜ਼ਿਲ੍ਹਾ ਸਿੱਖਿਆ ਦਫ਼ਤਰਾਂ ਨੂੰ ਸਮੇਂ ਸਿਰ ਭੇਜੀ ਜਾ ਸਕੇ। ਦੇਰੀ ਦੀ ਸੂਰਤ ਵਿੱਚ ਨਿਰੋਲ ਜ਼ਿੰਮੇਵਾਰੀ ਆਪ ਜੀ ਦੀ ਹੋਵੇਗੀ।

ਡਾਇਰੈਕਟਰ,
ਐੱਸ.ਸੀ.ਈ.ਆਰ.ਟੀ. ਪੰਜਾਬ।

ਪਿੱਠ ਅੰਕਣ ਨੰ. ਉਕਤ        ਮਿਤੀ: ਐਸ.ਏ.ਐਸ. ਨਗਰ, 22-04-2026

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1 ਨਿ.ਸ./ਸਕੱਤਰ ਸਕੂਲ ਸਿੱਖਿਆ, ਪੰਜਾਬ।
2 ਨਿ.ਸ./ਸਪੈਸ਼ਲ ਸਕੱਤਰ ਸਕੂਲ ਸਿੱਖਿਆ, ਪੰਜਾਬ।
3 ਨਿ.ਸ./ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
4 ਨਿ.ਸ./ਡਾਇਰੈਕਟੋਰੇਟ ਸਕੂਲ ਸਿੱਖਿਆ (ਸੈ.ਸਿੱ.), ਪੰਜਾਬ।

Seema
ਸਹਾਇਕ ਡਾਇਰੈਕਟਰ
ਐਸ.ਸੀ.ਈ.ਆਰ.ਟੀ., ਪੰਜਾਬ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ), ਬਠਿੰਡਾ।

ਪਿੱਠ ਅੰਕਣ ਨੰ: ਸੀ-5/1(1)/2026/362        ਮਿਤੀ: 22-04-26

ਉਪਰੋਕਤ ਦਾ ਉਤਾਰਾ ਸੰਬੰਧਤ ਸਕੂਲ ਮੁਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਪੱਤਰ ਵਿੱਚ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਅਤੇ ਵਿਦਿਆਰਥੀ ਦੀ eligibility ਚੈੱਕ ਕਰ ਕੇ ਭਰੀ ਜਾਵੇ। ਇਸ ਸਬੰਧੀ ਦਸਤਾਵੇਜ਼ ਸਮੇਤ ਇਕ google sheet ਪਾਈ ਜਾਵੇ ਤੇ ਇਸ ਨੂੰ ~~ਭੇਜਣ~~ ਮਿਤੀ 24.04.2026 ਤੱਕ ਭਰਿਆ ਜਾਣਾ ਯਕੀਨੀ ਬਣਾਇਆ ਜਾਵੇ।

ਜ਼ਿਲ੍ਹਾ ਸਿੱਖਿਆ ਅਫ਼ਸਰ (ਸ)
ਬਠਿੰਡਾ

# ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ ਸਾਲ (PSTSE) ਸਕੀਮ ਦਾ ਵੇਰਵਾ

ਡਾਇਰੈਕਟਰ ਜਨਰਲ ਸਕੂਲ ਸਿੱਖਿਆ ਜੀ ਵੱਲੋਂ ਸੁਝਾਈ ਅਤੇ ਸਿੱਖਿਆ ਮੰਤਰੀ ਜੀ ਵੱਲੋਂ ਪ੍ਰਵਾਨਿਤ ਉਪਰੋਕਰ ਸਕੀਮ ਅੰਤਰਗਤ ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਅੱਠਵੀਂ ਸ਼੍ਰੇਣੀ ਦੇ 500 ਅਤੇ ਦਸਵੀਂ ਸ਼੍ਰੇਣੀ ਦੇ 500 ਵਿਦਿਆਰਥੀਆਂ ਨੂੰ ਵਜੀਫਾ ਦੇਣ ਦਾ ਟੀਚਾ ਮਿਥਿਆ ਗਿਆ ਹੈ। ਇਸ ਦਾ ਉਦੇਸ਼ ਅੱਠਵੀਂ ਅਤੇ ਦਸਵੀ ਕਲਾਸ ਵਿੱਚ ਪੜ੍ਹਦੇ ਸਰਕਾਰੀ ਸਕੂਲਾਂ ਦੇ ਹੋਣਹਾਰ ਵਿਦਿਆਰਥੀਆਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਕੇ ਉਚੇਰੀ ਸਿੱਖਿਆ ਵੱਲ ਪ੍ਰੇਰਿਤ ਕਰਨਾ ਹੈ ਅਤੇ ਵਜੀਫੇ ਦੇ ਰੂਪ ਵਿੱਚ ਵਿੱਤੀ ਲਾਭ ਦੇ ਕੇ ਉਤਸਾਹਿਤ ਕਰਨਾ ਹੈ। ਇਸ **ਸਕੀਮ ਅਧੀਨ ਵਜੀਫੇ ਲਈ ਯੋਗ ਵਿਦਿਆਰਥੀ ਨੂੰ 200 ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ 10+2 ਤੱਕ ਵਜੀਫਾ ਦਿੱਤਾ ਜਾਂਦਾ ਹੈ।** ਉਕਤ ਸਕੀਮ ਅਧੀਨ ਹਰ ਸਾਲ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸਦ (ਐਸ.ਸੀ.ਈ.ਆਰ.ਟੀ.) ਪੰਜਾਬ, ਵੱਲੋਂ **ਅੱਠਵੀਂ ਅਤੇ ਦਸਵੀਂ ਸ਼੍ਰੇਣੀ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਵਜੀਫੇ ਲਈ ਚੁਣਨ ਲਈ ਪ੍ਰੀਖਿਆ ਲਈ ਜਾਂਦੀ ਹੈ।** ਇਹ ਪ੍ਰੀਖਿਆ ਸਿਰਫ ਜਿਲ੍ਹਾ ਹੈਡਕੁਆਰਟਰਜ/ਤਹਿਸੀਲ ਤੇ ਆਯੋਜਿਤ ਕੀਤੀ ਜਾਂਦੀ ਹੈ। ਇਹ ਪ੍ਰੀਖਿਆ ਹਰ ਸਾਲ ਜਨਵਰੀ ਮਹੀਨੇ ਦੇ ਤਸੀਰੇ ਜਾਂ ਚੋਥੇ ਐਤਵਾਰ ਨੂੰ ਪੰਜਾਬ ਰਾਜ ਦੇ ਸਮੂਹ ਜਿਲ੍ਹਾ ਹੈਡਕੁਆਰਟਰਜ/ਤਹਿਸੀਲ ਤੇ ਆਯੋਜਿਤ ਕੀਤੀ ਜਾਂਦੀ ਹੈ।

**01 ਉਦੇਸ: -** ਇਸ ਦਾ ਉਦੇਸ਼ ਅੱਠਵੀਂ ਅਤੇ ਦਸਵੀਂ ਕਲਾਸ ਵਿੱਚ ਪੜ੍ਹਦੇ ਸਰਕਾਰੀ ਸਕੂਲਾਂ ਦੇ ਹੋਣਹਾਰ ਵਿਦਿਆਰਥੀਆਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਕੇ **ਉਚੇਰੀ ਸਿੱਖਿਆ ਵੱਲ ਪ੍ਰੇਰਿਤ ਕਰਨਾ** ਹੈ ਅਤੇ ਵਜੀਫ ਦੀ ਸਕਲ ਵਿੱਚ ਵਿੱਤੀ ਲਾਭ ਦੇ ਕੇ ਉਤਸਾਹਿਤ ਕਰਨਾ ਹੈ।

**02 ਟੀਚਾ: -** ਪੰਜਾਬ ਰਾਜ ਨਿਪੁੰਨਤਾ ਖੋਜ ਸਕੀਮ ਅਧੀਨ ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਅੱਠਵੀ ਸ਼੍ਰੇਣੀ ਦੇ 500 ਅਤੇ ਦਸਵੀਂ ਸ਼੍ਰੇਣੀ ਦੇ 500 ਵਿਦਿਆਰਥੀਆਂ ਨੂੰ ਵਜੀਫਾ ਦੇਣ ਦਾ ਟੀਚਾ ਮਿਥਿਆ ਜਾਂਦਾ ਹੈ।

**03 ਵਜੀਫੇ ਦੀ ਦਰ:-** ਪੰਜਾਬ ਰਾਜ ਨਿਪੁੰਨਤਾ ਖੋਜ ਸਕੀਮ ਅਧੀਨ ਵਜੀਫੇ ਲਈ ਯੋਗ ਵਿਦਿਆਰਥੀ ਨੂੰ 200 ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ 10+2 ਤੱਕ ਵਜੀਫਾ ਦਿੱਤਾ ਜਾਂਦਾ ਹੈ।

**04 ਅਦਾਇਗੀ ਦੀ ਵਿਧੀ: –** ਵਜੀਫਾ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ **ਨੌਵੀਂ ਅਤੇ ਗਿਆਰਵੀਂ ਸ਼੍ਰੇਣੀ ਵਿੱਚ ਘੱਟੋ-ਘੱਟ 55% ਨੰਬਰ, ਦਸਵੀਂ ਸ਼੍ਰੇਣੀ ਵਿੱਚ 60% ਅੰਕ ਪ੍ਰਾਪਤ ਕੀਤੇ ਹੋਣ** (ਜਨਰਲ ਕੈਟਾਗਰੀ ਲਈ), ਰਾਖਵੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ 5% ਅੰਕਾਂ ਦੀ ਛੋਟ ਹੋਵੇਗੀ। ਇਹ ਯੋਗਤਾ ਪੂਰੀ ਨਾ ਹੋਣ ਤੇ ਵਜੀਫਾ ਬੰਦ ਹੋ ਜਾਂਦਾ ਹੈ।

**05 ਚੋਣ ਵਿਧੀ:-** ਪੰਜਾਬ ਰਾਜ ਨਿਪੁੰਨਤਾ ਖੋਜ ਸਕੀਮ ਅਧੀਨ ਪ੍ਰੀਖਿਆ ਰਾਹੀਂ ਵਿਦਿਆਰਥੀਆਂ ਦੀ ਮਾਨਸਿਕ (MAT) ਅਤੇ ਵਿਸ਼ਿਆਂ (SAT- ਸਾਇੰਸ, ਮੈਥ ਅਤੇ ਸਮਾਜਿਕ ਵਿਗਿਆਨ) ਦੀ ਵਿੱਦਿਅਕ ਨਿਪੁੰਨਤਾ ਪਰਖੀ ਜਾਂਦੀ ਹੈ। ਇਸ ਪ੍ਰੀਖਿਆ ਵਿੱਚ ਪ੍ਰਾਪਤ ਅੰਕਾਂ ਦੇ ਆਧਾਰ ਤੇ ਹੀ ਵਜੀਫਾ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਮੈਰਿਟ ਨਿਰਧਾਰਿਤ ਕੀਤੀ ਜਾਂਦੀ ਹੈ, ਜਿਸ ਲਈ **ਜਨਰਲ ਸ੍ਰੇਣੀ ਦੇ ਵਿਦਿਆਰਥੀਆਂ ਨੂੰ ਘੱਟੋ-ਘੱਟ 40% ਅਤੇ ਰਾਖਵੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਨੂੰ ਘੱਟੋ-ਘੱਟ 32 ਅੰਕ ਪ੍ਰਾਪਤ ਕਰਨੇ ਜਰੂਰੀ ਹਨ।**

**06 ਮਾਧਿਅਮ:-** ਇਹ ਸਕੀਮ ਕੇਵਲ ਸਰਕਾਰੀ ਸਕੂਲ ਦੇ ਵਿਦਿਆਰਥੀਆਂ ਲਈ ਹੈ ਅਤੇ ਪ੍ਰੀਖਿਆ ਦਾ ਮਾਧਿਅਮ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਹੋਵੇਗਾ।

**07 ਯੋਗਤਾ:-** ਅੱਠਵੀਂ ਸ਼੍ਰੇਣੀ ਦੀ ਪ੍ਰੀਖਿਆ ਵਿੱਚ ਉਹ ਵਿਦਿਆਰਥੀ ਹੀ ਬੈਠ ਸਕਦੇ ਹਨ ਜਿਨ੍ਹਾਂ ਨੇ ਸੱਤਵੀਂ ਸ਼੍ਰੇਣੀ ਦੀ ਸਾਲਾਨਾ ਪ੍ਰੀਖਿਆ ਵਿੱਚ ਘੱਟੋ-ਘੱਟ 55% ਨੰਬਰ (ਜਨਰਲ ਕੈਟਾਗਰੀ ਲਈ) ਅਤੇ 50% ਨੰਬਰ (ਰਾਖਵੀਆਂ ਸਰੇਣੀਆਂ ਲਈ) ਪ੍ਰਾਪਤ ਕੀਤੇ ਹੋਣ। ਇਸੇ ਤਰ੍ਹਾਂ ਦਸਵੀਂ ਸ੍ਰੇਣੀ ਦੀ ਪ੍ਰੀਖਿਆ ਵਿੱਚ ਉਹ ਵਿਦਿਆਰਥੀ ਹੀ ਬੈਠ ਸਕਦੇ ਹਨ ਜਿਨ੍ਹਾਂ ਨੇ ਨਵੀਂ ਸ਼ੇਣੀ ਦੀ ਸਾਲਾਨਾ ਪ੍ਰੀਖਿਆ ਵਿੱਚ ਘੱਟੋ-ਘੱਟ 55% ਨੰਬਰ (ਜਨਰਲ ਕੈਟਾਗਰੀ ਲਈ) ਅਤੇ 50% ਨੰਬਰ (ਰਾਖਵੀਆਂ ਸਰੇਣੀਆਂ ਲਈ। ਪ੍ਰਾਪਤ ਕੀਤੇ ਹੋਣ। ਵਜੀਫੇ ਲਈ ਚੋਣ ਨਿਰੋਲ ਮੈਰਿਟ ਦੇ ਆਧਾਰ ਤੇ ਕੀਤੀ ਜਾਂਦੀ ਹੈ। ਇਸ ਲਈ ਜਿਲ੍ਹਾਵਾਰ ਕੋਈ ਕੋਟਾ ਨਹੀਂ ਹੈ।

**08 ਫੀਸ:-** ਇਸ ਪ੍ਰੀਖਿਆ ਦੀ ਕੋਈ ਦਾਖਲਾ ਫੀਸ ਨਹੀਂ ਹੋਵੇਗੀ।

**09 ਰਾਖਵਾਂਕਰਨ:-** ਵੱਖ-ਵੱਖ ਸ਼੍ਰੇਣੀਆਂ ਸਬੰਧੀ ਰਾਖਵਾਂਕਰਨ ਪੰਜਾਬ ਸਰਕਾਰ ਦੀਆਂ ਸਮੇਂ-ਸਮੇਂ 'ਤੇ ਜਾਰੀ ਹਦਾਇਤਾਂ ਅਨੁਸਾਰ ਹੋਣ ਗਈਆਂ। ਰਾਖਵਾਂਕਰਨ ਸਬੰਧੀ ਸਰਟੀਫਿਕੇਟ ਸਬੰਧਤ ਜ਼ਿਲ੍ਹਾ ਅਧਿਕਾਰੀ ਵੱਲੋਂ ਜਾਰੀ ਕੀਤਾ ਹੋਵੇ ਅਤੇ ਵਿਕਲਾਂਗ ਵਿਦਿਆਰਥੀਆਂ ਲਈ ਵਿਕਲਾਂਗਤਾ ਸਰਟੀਫਿਕਟ ਸਬੰਧਤ ਸੀ.ਐਮ.ਓ/ਐਸ.ਐਮ.ਓ. ਵੱਲੋਂ ਜਾਰੀ ਕੀਤਾ ਹੋਇਆ ਹੋਵੇ।

**10 ਆਮ ਯੋਗਤਾ ਸਰਤਾਂ :-**

**ਕੋਈ ਵੀ ਵਜੀਫਾ ਪ੍ਰਾਪਤ ਕਰਨ ਵਾਲਾ/ਵਾਲੀ ਉਮੀਦਵਾਰ ਵਜੀਫਾ ਪ੍ਰਾਪਤ ਕਰਨ ਲਈ ਤਾਂ ਹੀ ਯੋਗ ਹੈ। ਜੇਕਰ**

a. 10+2 ਤੱਕ ਦੀ ਪੜ੍ਹਾਈ ਲਗਾਤਾਰ ਸਰਕਾਰੀ ਸਕੂਲ ਵਿੱਚ ਕਰਦਾ ਹੈ/ਕਰਦੀ ਹੈ।

b. ਜੇਕਰ ਵਿਦਿਆਰਥੀ ਨੇ ਅੱਠਵੀਂ ਜਮਾਤ ਵਿੱਚ ਪੀ.ਐਸ.ਟੀ.ਐਸ. ਈ ਦੀ ਪ੍ਰੀਖਿਆ ਪਾਸ ਕੀਤੀ ਹੋਵੇ ਉਹ ਵਿਦਿਆਰਥੀ ਦੱਸਵੀਂ ਦੀ ਪੀ.ਐਸ.ਟੀ.ਐਸ.ਈ ਦੀ ਪ੍ਰੀਖਿਆ/ਵਜੀਫਾ ਲਈ ਯੋਗ ਨਹੀਂ ਹੋਵੇਗਾ।